ਵੱਲੋਂ,

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ ।

ਸੇਵਾ ਵਿੱਚ,

1. ਡਾਇਰੈਕਟਰ,
ਸਟੇਟ ਟਰਾਂਸਪੋਰਟ ਵਿਭਾਗ, ਪੰਜਾਬ,
ਸੈਕਟਰ-17,ਚੰਡੀਗੜ੍ਹ ।

2. ਮੈਨੇਜਿੰਗ ਡਾਇਰੈਕਟਰ,
ਪੈਪਸੂ ਰੋਡਵੇਜ਼ ਕਾਰਪੋਰੇਸ਼ਨ,
ਪਟਿਆਲਾ ।

ਮੀਮੋ ਨੰ: 261213 /ਲੇਖਾ
ਮਿਤੀ 1-8-16

ਵਿਸ਼ਾ :- ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆਂ ਕਰਵਾਉਣ ਸਬੰਧੀ।

ਇਸ ਪੱਤਰ ਰਾਹੀਂ ਪੰਜਾਬ ਸਰਕਾਰ(ਤਕਨੀਕੀ ਸਿੱਖਿਆ ਸ਼ਾਖਾ-2) ਵੱਲੋਂ ਜ਼ਾਰੀ ਹੇਠ ਦਰਸ਼ਾਏ ਗਏ ਨੋਟੀਫਿਕੇਸ਼ਨਾਂ ਅਤੇ [redacted]/ਸੰਸਥਾਵਾਂ ਦੀਆਂ ਲਿਸਟਾਂ (ਪੱਤਰ ਨਾਲ ਨੱਥੀ) ਦੇ ਸਨਮੁਖ:-

1. ਨੋਟੀ.ਨੰ:13/105/2010-1ਟੀਈ2/722080/1ਮਿਤੀ 28/4/16(**M.Tech.**-16-17)
2.. ਨੋਟੀ.ਨੰ:13/105/2010-1ਟੀਈ2/742196/1ਮਿਤੀ28/4/16(**B./D.Pharma.**-16-17)
3. ਨੋਟੀ.ਨੰ:8/40/2013-1ਟੀਈ2/742228/1ਮਿਤੀ 28/4/16(**M.B.A.**-16-17)
4. ਨੋਟੀ.ਨੰ:13/105/2010-1ਟੀਈ2/742396/1ਮਿਤੀ28/4/16(**H.M.&C.T.**-16-17)
5. ਨੋਟੀ.ਨੰ: 13/7/2014-1ਟੀਈ2/942373/1 ਮਿਤੀ 28/4/16 (**BCA/B.S.(IT) / B.Sc. (Computer) MCA**-16-17)
6. ਨੋਟੀ.ਨੰ:13/6/2014-1ਟੀਈ2/742316/1 ਮਿਤੀ 28/4/16 **Pham D (Post Baccalau.)** -16-17)
7. ਨੋਟੀ.ਨੰ: 8 / 40 / 2013 -1ਟੀਈ2 / 742266/1 ਮਿਤੀ28/4/16 (**M.C.A.**-16-17)

ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੰਸਥਾਵਾਂ ਦੇ ਰੈਗੂਲਰ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ/ਨਿਯਮਾਂ ਅਤੇ ਸਮੇਂ-ਸਮੇਂ ਸਿਰ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਲ 2016-17 ਲਈ ਬੱਸ ਪਾਸ ਜ਼ਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਅਜਿਹੇ ਪਾਸ ਜ਼ਾਰੀ ਕਰਨ ਨਾਲ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਨੂੰ ਪਏ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਕਰੇਗਾ।

ਨੱਥੀ :- ਉਪਰੋਕਤ ਅਨੁਸਾਰ ।

1/8
ਸੁਪਰਡੰਟ(ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
1/8/2016 (ਉਤਾਰਾ ਪਿਛਲੇ ਪਾਸੇ ਤੇ)

ਪਿੱਠ ਅੰਕਣ ਨੰ:ਤਸਿ/ਲੇਖਾ/ਸ-3/ਲੇਖਾ/ 2614 ਮਿਤੀ 1-8-16

ਇਸ ਦਾ ਉਤਾਰਾ ਲਿਸਟਾਂ ਵਿੱਚ ਦਰਸਾਈਆਂ ਸਬੰਧਿਤ ਸੰਸਥਾਵਾਂ .............................................. ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਹੇਠ ਅਨੁਸਾਰ ਸਰਟੀਫਿਕੇਟ ਬਣਾ ਕੇ ਟ੍ਰਾਂਸਪੋਰਟ ਵਿਭਾਗ ਨੂੰ ਭੇਜਣ :-

1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਸੰਸਥਾਂ/ ਤਕਨੀਕੀ ਕਾਲਜ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਉਕਤ.........ਕੋਰਸ ਲਈ ਪੱਤਰ ਨੰ:.....................ਮਿਤੀ .................... ਦੀ ਲੜੀ ਨੰ:............. ਰਾਹੀਂ ਬੱਸ ਪਾਸ ਬਣਾਉਣ ਅਤੇ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਕਰਨ ਦੀ ਸਹਿਮਤੀ ਪ੍ਰਾਪਤ ਹੋਈ ਹੈ ।

2. ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਦਿਆਰਥੀਆਂ ਦੀ ਅਰਜ਼ੀ ਵੀ ਸਮੇਂ-ਸਿਰ ਸਿਫਾਰਸ਼ ਕੀਤੀ ਜਾਵੇ । ਜੇਕਰ ਵਿਦਿਆਰਥੀ ਅਰਜ਼ੀ ਸਿਫਾਰਸ਼ ਲਈ ਲੇਟ ਲੈ ਕੇ ਆਉਂਦਾ ਹੈ ਤਾਂ ਉਸ ਦਾ ਕਾਰਨ ਦੱਸਦੇ ਹੋਏ ਤਸਦੀਕ ਕੀਤਾ ਜਾਵੇ ਅਤੇ ਉਸ ਦੀ ਅਰਜ਼ੀ ਤੇ ਸਿਫਾਰਸ਼ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਕੀਤੀ ਜਾਵੇ ।

3. ਕਾਲਜ ਮੁਖੀ ਸਿਫਾਰਸ਼ ਕਰਦੇ ਸਮੇਂ ਇਹ ਯਕੀਨੀ ਬਣਾਉਣ ਅਤੇ ਦਰਜ਼ ਕਰਨ ਕਿ ਕਾਲਜ ਮਿਤੀ..................... ਤੋਂ ..........................ਤੱਕ ਬੰਦ ਰਹਿਣਗੇ ਅਤੇ ਛੁੱਟੀਆਂ ਵਿੱਚ ਇਹ ਵਿਦਿਆਰਥੀ ਕਾਲਜ ਵਿੱਚ ਪੜ੍ਹਾਈ/ਇਮਤਿਹਾਨ/ਲਾਇਬਰੇਰੀ/ਖੇਡਾਂ ਜਾਂ ਹੋਰ ਮੰਤਵਾਂ ਲਈ ਆ ਜਾ ਸਕਣਗੇ ।

4. ਵਿਦਿਆਰਥੀ ਨੂੰ ਇੱਕ ਵਾਰ ਬੱਸ ਪਾਸ ਜ਼ਾਰੀ ਕਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਨਵੀਨੀਕਰਨ ਕਰਵਾਉਣਾ ਜਾਂ ਲੋੜ ਨਾ ਹੋਣ ਤੇ ਪੀ.ਆਰ.ਟੀ.ਸੀ. ਦਫਤਰ ਜਮ੍ਹਾਂ ਕਰਵਾਉਣਾ ਵਿਦਿਆਰਥੀ ਅਤੇ ਕਾਲਜ ਦੇ ਮੁਖੀ ਦੀ ਜਿੰਮੇਵਾਰੀ ਹੋਵੇਗੀ । ਸਹਿਮਤੀ ਪੱਤਰ ਸਮੇਂ-ਸਿਰ ਭੇਜਣੇ ਯਕੀਨੀ ਬਣਾਏ ਜਾਣ ।

ਸੁਪਰਡੰਟ(ਲੇਖਾ)
ਵਾ: ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

1/8/2016